International Journal of Applied Research 2019; 5(9): 397-400




**ISSN Print:** 2394-7500
**ISSN Online:** 2394-5869
**Impact Factor:** 5.2
IJAR 2019; 5(9): 397-400
www.allresearchjournal.com
Received: 19-07-2019
Accepted: 22-08-2019

**ਦਿਲਪ੍ਰੀਤ ਸਿੰਘ**
Pursuing Ph.D, Department Of Sri Guru Granth Sahib Studies, Sri Guru Granth Sahib World University, Fatehgarh Sahib, Punjab, India

**Correspondence**
**ਦਿਲਪ੍ਰੀਤ ਸਿੰਘ**
Pursuing Ph.D, Department Of Sri Guru Granth Sahib Studies, Sri Guru Granth Sahib World University, Fatehgarh Sahib, Punjab, India

# ਤਰਨ ਤਾਰਨ ਸਾਹਿਬ ਦਾ ਸਰੋਤ-ਮੂਲਕ ਅਧਿਐਨ

**ਦਿਲਪ੍ਰੀਤ ਸਿੰਘ**

ਇਸ ਹਥਲੇ ਖੋਜ ਪਰਚੇ ਵਿਚ ਤਰਨ ਤਾਰਨ ਸਾਹਿਬ ਦੀ ਸਥਾਪਨਾ ਅਤੇ ਇਸ ਸ਼ਹਿਰ ਵਿਚ ਸਿੱਖ ਧਰਮ ਨਾਲ ਸੰਬੰਧਿਤ ਅਸਥਾਨਾਂ ਦਾ ਵੇਰਵਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਇਸ ਅਸਥਾਨ ਸੰਬੰਧੀ ਕੁਝ ਵਿਸ਼ੇਸ਼ ਸਿੱਖ ਸਰੋਤਾਂ ਦਾ ਅਧਿਐਨ ਕੀਤਾ ਹੈ। ਮੂਲ ਸਰੋਤਾਂ ਤੋਂ ਇਲਾਵਾ ਗੌਣ ਸਰੋਤਾਂ ਤੋਂ ਵੀ ਸਹਾਇਤਾ ਲਈ ਗਈ ਹੈ।

ਤਰਨ ਤਾਰਨ ਸਾਹਿਬ ਦੀ ਸਥਾਪਨਾ:- ਤਰਨ ਤਾਰਨ ਸਾਹਿਬ ਸਿੱਖ ਧਰਮ ਦੇ ਪ੍ਰਸਿੱਧ ਤੀਰਥ ਅਸਥਾਨਾਂ ਵਿਚੋ ਇੱਕ ਹੈ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਇਸ ਨਗਰੀ ਦੀ ਸਥਾਪਨਾ ਕੀਤੀ ਗਈ। ਇਹ ਅਸਥਾਨ ਅੰਮ੍ਰਿਤਸਰ ਸਾਹਿਬ ਤੋਂ 24 ਕਿਲੋਮੀਟਰ ਦੀ ਦੂਰੀ ਤੇ ਦੱਖਣ ਦਿਸ਼ਾ ਵੱਲ ਸਥਿਤ ਹੈ। 2011 ਦੀ ਜਨਗਣਣਾ ਅਨੁਸਾਰ ਇਸ ਸ਼ਹਿਰ ਦੀ ਆਬਾਦੀ 141795 ਅਤੇ ਰਕਬਾ 8401 ਏਕੜ ਹੈ। ਪਹਿਲਾਂ ਇਹ ਸ਼ਹਿਰ ਜਿਲ੍ਹਾ ਅੰਮ੍ਰਿਤਸਰ ਦੀ ਇਕ ਤਹਿਸੀਲ ਸੀ, ਪਰ ਇਸਨੂੰ ਸੰਨ 2006 ਵਿਚ ਪੰਜਾਬ ਦਾ ਉਨੀਵਾਂ ਜਿਲ੍ਹਾ ਬਣਾ ਦਿੱਤਾ ਗਿਆ। ਇਸ ਨਗਰ ਦੀ ਸਥਾਪਨਾ ਤੋਂ ਬਾਅਦ ਗੁਰੂ ਸਾਹਿਬ ਨੇ ਏਥੇ ਹੀ ਇਕ ਵਿਸ਼ਾਲ ਸਰੋਵਰ ਦੀ ਖੁਦਵਾਈ ਕਰਵਾਈ। ਇਹ ਸਰੋਵਰ ਅਕਾਰ ਵਿਚ ਸਿੱਖ ਧਰਮ ਦੇ ਬਾਕੀ ਸਭ ਸਰੋਵਰਾਂ ਤੋਂ ਵੱਡਾ ਸਰੋਵਰ ਹੈ। ਤਰਨ ਤਾਰਨ ਸਾਹਿਬ ਦੀ ਸਥਾਪਨਾ ਸੰਬੰਧੀ ਜੋ ਜਾਣਕਾਰੀ ਸਿੱਖ ਸਰੋਤਾਂ ਵਿਚੋਂ ਸਾਨੂੰ ਪ੍ਰਾਪਤ ਹੋਈ ਹੈ ਉਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਮਹਿਮਾ ਪ੍ਰਕਾਸ਼ ਦੇ ਅਨੁਸਾਰ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਚੱਲ ਕੇ ਤਰਨ ਤਾਰਨ ਵਾਲੇ ਅਸਥਾਨ ਤੇ ਪਹੁੰਚੇ ਸਨ। ਇਸ ਅਸਥਾਨ ਤੇ ਉਸ ਸਮੇਂ ਪਹਿਲਾਂ ਹੀ ਪਾਣੀ ਦਾ ਛੱਪੜ ਸੀ ਜਿਸਨੂੰ ਦੇਖ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਇਹ ਅਸਥਾਨ ਸਿੱਖਾਂ ਦਾ ਪ੍ਰਸਿੱਧ ਤੀਰਥ ਬਣੇਗਾ। ਉਸੇ ਸਮੇਂ ਇਕ ਕਾਂ ਇਸ ਛੱਪੜ ਵਿਚ ਇਸਨਾਨ ਕਰਕੇ ਨਿਕਲਿਆ ਤਾਂ ਹੰਸ ਬਣ ਗਿਆ। ਸਿੱਖ ਸੰਗਤਾਂ ਇਹ ਕੌਤਕ ਦੇਖ ਕੇ ਹੈਰਾਨ ਹੋਇਆ ਅਤੇ ਉਹਨਾਂ ਨੂੰ ਭਰੋਸਾ ਹੋ ਗਿਆ ਕਿ ਇਹ ਅਸਥਾਨ ਕੋਈ ਆਮ ਨਹੀਂ। ਫਿਰ ਗੁਰੂ ਜੀ ਦੇ ਹੁਕਮ ਨਾਲ ਸਿੱਖ ਸੰਗਤਾਂ ਸਰੋਵਰ ਦੀ ਖੁਦਵਾਈ ਦਾ ਕਾਰਜ ਸ਼ੁਰੂ ਕਰ ਦਿੱਤਾ। ਜਦੋਂ ਇਸ ਸਰੋਵਰ ਦਾ ਕੁਝ ਹਿੱਸਾ ਮੁਕੰਮਲ ਹੋ ਗਿਆ ਤਾਂ ਗੁਰੂ ਜੀ ਨੇ ਇਸ ਤੀਰਥ ਦਾ ਨਾਮ 'ਤਰਨ ਤਾਰਨ' ਰੱਖਿਆ ਅਤੇ ਬਚਨ ਕੀਤਾ ਕਿ ਜੋ ਸਿੱਖ ਸ਼ਰਧਾ ਨਾਲ

ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਉਹ ਭਵ-ਸਾਗਰ ਵਿਚੋਂ ਤਰ ਜਾਏਗਾ। [1] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨਵੇਂ ਅਸਥਾਨ ਦੀ ਭਾਲ ਵਿਚ ਅੰਮ੍ਰਿਤਸਰ ਤੋਂ ਚੱਲਕੇ ਗੁਰੂ ਸਾਹਿਬ ਖਾਨਵਾਲ ਪਿੰਡ ਪਾਸ ਪਹੁੰਚੇ। ਤੀਰਥ ਰਚਣ ਦੇ ਯੋਗ ਸਹੀ ਜ਼ਮੀਨ ਦੇਖਕੇ ਪਿੰਡ ਵਾਲਿਆਂ ਪਾਸੋਂ ਇਕ ਲੱਖ ਸਤਵੰਜਾ ਹਜਾਰ ਸਿੱਕੇ ਦੇ ਕੇ ਮੁੱਲ ਖਰੀਦ ਲਈ।

ਦੀਏ ਰਜਤਪਣ ਲੱਛ ਪ੍ਰਕਾਸ਼ । ਅਧਿਕ ਸਹੰਸR ਸਪਤ ਪੰਚਾਸਿ ਲਈ ਭੂਮਿਕਾ ਮੋਲ ਘਨੇਰੀ। ਦੀਨਸਿ ਦਰਬ ਬ੍ਰਿੰਦ ਤਿਸ ਬੇਰੀ। [2]

ਗੁਰੂ ਸਾਹਿਬ ਜੀ ਨੇ ਇਸ ਸਥਾਨ ਉੱਤੇ ਲੋਕਾਈ ਨੂੰ ਤਾਰਨ ਵਾਲਾ ਵਿਸ਼ਾਲ ਸਰੋਵਰ ਖੁਦਵਾਉਣ ਦਾ ਫੈਸਲਾ ਲਿਆ। ਅਰਦਾਸ ਕਰਨ ਉਪਰੰਤ ਇਸ ਵਿਸ਼ਾਲ ਸਰੋਵਰ ਦੀ ਖੁਦਵਾਈ ਦਾ ਕਾਰਜ ਸਿੱਖ ਸੰਗਤਾਂ ਨੇ ਆਰੰਭ ਕਰ ਦਿੱਤਾ। ਪੱਕੀਆਂ ਇੱਟਾਂ ਬਣਾਉਂਣ ਲਈ ਬਹੁਤ ਸਾਰੇ ਆਵੇ ਲਾਏ ਗਏ। ਇਸ ਕਾਰਜ ਵਿਚ ਉਸ ਸਮੇਂ ਵਿਗਨ ਪੈ ਗਿਆ ਜਦ ਨੂਰਦੀਨ ਤੁਰਕ ਅਤੇ ਅਸਮਤ ਖਾਂ ਨੇ ਸਰੋਵਰ ਦੀਆਂ ਇੱਟਾਂ ਆਪਣੇ ਘਰਾਂ ਨੂੰ ਲਾ ਲਈਆਂ। ਗੁਰੂ ਸਾਹਿਬ ਜੀ ਨੇ

ਸਿੱਖ ਸੰਗਤਾਂ ਨੂੰ ਆਖਿਆ ਕਿ ਕਿਸੇ ਸਮੇਂ ਗੁਰੂ ਕੇ ਸਿੱਖ ਇਹਨਾਂ ਦੇ ਘਰਾਂ ਨੂੰ ਢਾਹ ਕੇ ਸਭ ਇੱਟਾਂ ਮੁੜ ਇਸ ਸਰੋਵਰ ਨੂੰ ਲਾ ਦੇਣਗੇ। ਗੁਰੂ ਸਾਹਿਬ ਜੀ ਇਹ ਕਾਰਜ ਵਿਚਕਾਰ ਹੀ ਛੱਡਕੇ ਚਲੇ ਗਏ ਸਨ। [3]

ਤਵਾਰੀਖ ਗੁਰੂ ਖਾਲਸਾ ਦਾ ਕਰਤਾ ਲਿਖਦਾ ਹੈ ਕਿ ਗੁਰੂ ਸਾਹਿਬ ਸੰ. 1646(1589ਈ:) ਵਿਚ ਖਾਰੇ ਪਿੰਡ ਪਾਸ ਪਹੁੰਚੇ ਸਨ। ਇਲਾਕੇ ਦੀਆਂ ਸੰਗਤਾਂ ਦੀ ਮੰਗ ਤੇ ਗੁਰੂ ਸਾਹਿਬ ਨੇ ਗਿਰਦਨਵਾਈ ਦੇ ਪੈਂਚਾਂ ਪਾਸੋਂ ਜਮੀਨ ਲੈ ਕੇ ਸੰ. 1647(1590ਈ:) ਵਿਚ ਤਰਨ ਤਾਰਨ ਕਸਬਾ ਵਸਾਇਆ। ਸੰ. 1648(1591ਈ:) ਵਿਚ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ। ਇਸ ਸਰੋਤ ਵਿਚ ਇਹ ਜਿਕਰ ਵੀ ਮਿਲਦਾ ਹੈ ਕਿ ਸਰੋਵਰ ਦਾ ਕਾਰਜ ਜੋ ਗੁਰੂ ਸਾਹਿਬ ਦੇ ਸਮੇਂ ਤੋਂ ਅਧੂਰਾ ਪਿਆ ਸੀ ਉਹ ਸੰ. 1832(1775ਈ:) ਵਿਚ ਬੁੱਧ ਸਿੰਘ ਫੈਜ਼ਲਪੁਰੀਏ ਨੇ ਨੂਰਦੀਨ ਦੀ ਹਵੇਲੀ ਨੂੰ ਢਾਹ ਕੇ ਸਾਰੀਆਂ ਇੱਟਾਂ ਸਰੋਵਰ ਨੂੰ ਲਾ ਕੇ ਸੰਪੂਰਨ ਕੀਤਾ। [4]

ਗੁਰਧਾਮ ਸੰਗ੍ਰਹਿ ਅਨੁਸਾਰ ਗੁਰੂ ਅਰਜਨ ਦੇਵ ਜੀ ਸੰ. 1644(1587ਈ:) ਵਿਚ ਖਾਰੇ ਪਿੰਡ ਦੇ ਟੋਭੇ ਪਾਸ ਜਾ ਡੇਰਾ ਲਾਇਆ। ਆਲੇ-ਦੁਆਲੇ ਨਿਗ੍ਹਾ ਮਾਰਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਏਥੇ ਇਕ ਵੱਡੀ ਭਾਰੀ ਰੌਣਕ ਵਾਲੀ ਨਗਰੀ ਬਸੇਗੀ, ਇਹ ਸੁਣਕੇ ਖਾਰੇ ਪਿੰਡ ਦੇ ਭੋਲੇ ਪੈਂਚ ਨੇ ਹੱਥ ਜੋੜਕੇ ਅਰਜ ਕੀਤੀ ਓਹ ਨਗਰੀ ਹੁਣੇ ਕਿਉਂ ਨਹੀਂ ਬਸਾ ਲੈਂਦੇ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਇਲਾਕੇ ਦੇ ਤਹਿਸੀਲਦਾਰ ਨੂਰਦੀਨ ਨੂੰ ਬੁਲਾ ਕੇ ਪਿੰਡ ਦੀ ਮੋੜ੍ਹੀ ਗੱਡੀ ਅਤੇ ਇਸਦਾ ਨਾਮ ਤਰਨ ਤਾਰਨ ਰੱਖਿਆ। ਇਸ ਤੋਂ ਬਾਅਦ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ ਗਿਆ। ਗੁਰੂ ਸਾਹਿਬ ਨੇ ਬਚਨ ਕੀਤਾ ਕਿ, "ਏਸ ਤਾਲਾਬ ਵਿਚ ਕੁਸ਼ਟੀ ਲੋਗ ਤੇ ਹਮੇਸ਼ ਇਸ਼ਨਾਨ ਸੇਵਾ ਕਰਨ ਵਾਲੇ ਭੀ ਨਿਰੋਗਤਾ ਪਾਉਣਗੇ।" ਇਸ ਸਰੋਤ ਅਨੁਸਾਰ ਸੰ. 1647(1590ਈ:) ਵਿਚ ਇਸ ਸਰੋਵਰ ਨੂੰ ਪੱਕਾ ਕਰਨ ਦਾ ਕਾਰਜ ਆਰੰਭਿਆ ਗਿਆ। [5] ਸ੍ਰੀ ਗੁਰੁ ਤੀਰਥ ਸੰਗ੍ਰਹਿ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸੰ. 1653 (1596ਈ:) ਵਿਚ ਤਰਨ ਤਾਰਨ ਸਰੋਵਰ ਪੱਕਾ ਕਰਵਾਉਣਾ ਦਾ ਆਰੰਭ ਕੀਤਾ। [6] ਮਹਾਨ ਕੋਸ਼ ਅਨੁਸਾਰ ਅੰਮ੍ਰਿਤਸਰ ਤੋਂ 14 ਮੀਲ ਦੱਖਣ-ਪੂਰਬ ਵੱਲ ਸੰ. 1647(1590ਈ:) ਵਿਚ ਗੁਰੂ ਅਰਜਨ ਦੇਵ ਜੀ ਨੇ ਖਾਰੇ ਅਤੇ ਪਲਾਸੂਰ ਦੀ ਜ਼ਮੀਨ ਇਕ ਲੱਖ ਸਤਵੰਜਾ ਹਜ਼ਾਰ ਨੂੰ ਖ਼ਰੀਦਕੇ ਤਰਨ ਤਾਰਨ ਤਾਲ ਖੁਦਵਾਈਆ। ਸੰ. 1653(1596ਈ:) ਵਿਚ ਇਸ ਤਾਲ ਨੂੰ ਪੱਕਾ ਕਰਨ ਅਤੇ ਗੁਰਦੁਆਰਾ ਸਾਹਿਬ ਤਿਆਰ ਕਰਵਾਉਣ ਲਈ ਪੱਕੀਆਂ ਇੱਟਾਂ ਤਿਆਰ ਕਰਨ ਵਾਲੇ ਆਵੇ ਲਗਵਾਏ ਗਏ। ਇਹ ਕਾਰਜ ਅਮੀਰ ਦੀਨ ਦੁਆਰਾ ਇੱਟਾਂ ਆਪਣੀ ਹਵੇਲੀ ਨੂੰ ਲਾਉਣ ਕਾਰਨ ਵਿਚ ਹੀ ਰਹਿ ਗਿਆ ਅਤੇ ਬਾਅਦ ਵਿਚ ਸਿੱਖ ਸੰਗਤਾਂ ਨੇ ਮੁਕੰਮਲ ਕਰਵਾਇਆ। ਪੈਰ ਟਿੱਪਣੀ ਵਿਚ ਇਸ ਸਰੋਵਰ ਦੀ ਲੰਬਾਈ 999 ਅਤੇ ਚੌੜਾਈ 990 ਫੁੱਟ ਦੱਸੀ ਗਈ ਹੈ। [7] ਗੁਰ ਪ੍ਰਣਾਲੀਆਂ ਅਨੁਸਾਰ ਇਸ ਤੀਰਥ ਦਾ ਕਾਰਜ ਗੁਰੂ ਰਾਮਦਾਸ ਪਾਤਸ਼ਾਹ ਨੇ ਸ਼ੁਰੂ ਕੀਤਾ ਸੀ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕਰਵਾਇਆ। ਸਮੇਂ ਸੰਬੰਧੀ ਕੋਈ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ। [8] ਇਹ ਕਥਨ ਠੀਕ ਨਹੀਂ ਜਾਪਦਾ ਕਿਉਂਕਿ ਤਕਰੀਬਨ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਤਰਨ ਤਾਰਨ ਸਾਹਿਬ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ। Encyclopedia of Sikhism according this place is founded by Guru Arjan in 1596 [9].

ਸਿੱਖ ਇਤਿਹਾਸ (1469-1765) ਅਨੁਸਾਰ ਗੁਰੂ ਅਰਜਨ ਦੇਵ ਜੀ ਨੇ 1590ਈ: ਵਿਚ ਤਰਨ ਤਾਰਨ ਦੀ ਨੀਂਹ ਰੱਖੀ। [10] ਗੁਰ-ਇਤਿਹਾਸ ਪਾਤਸ਼ਾਹੀ 2 qoN 9 ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਖਾਰੇ ਅਤੇ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਪਾਸੋਂ ਜ਼ਮੀਨ ਲੈ ਕੇ ਤਰਨ ਤਾਰਨ ਨਗਰ ਦੀ ਨੀਂਹ ਰੱਖੀ। ਇਸ ਨਗਰ ਵਿਚ ਗੁਰੂ ਸਾਹਿਬ ਨੇ ਸੰ. 1647(1590ਈ:) ਵਿਚ ਵਿਸ਼ਾਲ ਸਰੋਵਰ ਤਿਆਰ ਕਰਵਾਉਣਾ ਆਰੰਭ ਕੀਤਾ। [11] ਗੁਰ ਇਤਿਹਾਸ ਦਸ ਪਾਤਸ਼ਾਹੀਆਂ ਦਾ ਕਰਤਾ ਇਸ ਮਤ ਨਾਲ ਸਹਿਮਤ ਹੈ। [12] ਸਿੱਖ ਇਤਿਹਾਸ ਦੇ ਅਨੁਸਾਰ ਤਰਨ ਤਾਰਨ ਨਗਰ ਵਸਾਉਣ ਲਈ ਭਾਈ ਲੰਗਾਹ ਜੀ ਢਿੱਲੋਂ ਚੌਧਰੀ ਨੇ ਪਲਾਸੌਰ ਦੇ ਰੰਘੜਾਂ ਤੋਂ ਜ਼ਮੀਨ ਮੁੱਲ ਲੈ ਕੇ ਗੁਰੂ ਸਾਹਿਬ ਨੂੰ ਭੇਂਟ ਕੀਤੀ ਸੀ। [13]

ਇਹਨਾਂ ਸਿੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਅਨਸਾਰ ਵਧੇਰੇ ਵਿਦਵਾਨ ਇਸ ਕਥਨ ਨਾਲ ਸਹਿਮਤ ਹਨ ਕਿ ਗੁਰੂ ਅਰਜਨ ਦੇਵ ਜੀ ਨੇ 1590ਈ: ਵਿਚ ਤਰਨ ਤਾਰਨ ਸਾਹਿਬ ਦੀ ਨੀਂਹ ਰੱਖੀ। ਇਹ ਸਮਾਂ ਬਹੁਤ ਹੱਦ ਤੱਕ ਠੀਕ ਜਾਪਦਾ ਹੈ ਇਸ ਕਰਕੇ ਅਸੀਂ ਵੀ ਇਸ ਕਥਨ ਨਾਲ ਸਹਿਮਤ ਹਾਂ। ਇਸ ਨਗਰ ਦੀ ਸਥਾਪਨਾ ਤੋਂ ਬਾਅਦ ਗੁਰੂ ਸਾਹਿਬ ਨੇ ਤਰਨ ਤਾਰਨ ਸਰੋਵਰ ਤਿਆਰ ਕਰਵਾਇਆ ਜੋ ਬਾਅਦ ਵਿਚ ਸਿੱਖ ਸੰਗਤਾਂ ਦੁਆਰਾ ਸੰਪੂਰਨ ਕਰਵਾਇਆ ਗਿਆ।

ਤਰਨ ਤਾਰਨ ਸਾਹਿਬ ਦੀ ਸਥਾਪਨਾ ਤੋਂ ਬਾਅਦ ਗੁਰੂ ਸਾਹਿਬ ਨੇ ਇਸ ਨਗਰੀ ਵਿਚ ਕੁਝ ਹੋਰ ਉਸਾਰੀ ਦੇ ਕਾਰਜ ਵੀ ਕਰਵਾਏ ਜਿਹਨਾਂ ਦਾ ਵੇਰਵਾ ਸਿੱਖ ਸਰੋਤਾਂ ਦੇ ਹਵਾਲੇ ਨਾਲ ਹੇਠ ਲਿਖੇ ਅਨੁਸਾਰ ਹੈ:-

ਗੁਰਦੁਆਰਾ ਮੰਜੀ ਸਾਹਿਬ:- ਤਰਨ ਤਾਰਨ ਸਰੋਵਰ ਦੀ ਖੁਦਵਾਈ ਦਾ ਕਾਰਜ ਆਪਣੀ ਨਿਗਰਾਨੀ ਹੇਠ ਕਰਵਾਉਣ ਲਈ ਗੁਰੂ ਸਾਹਿਬ ਨੇ ਇਕ ਮੰਜੀ ਸਾਹਿਬ ਤਿਆਰ ਕਰਵਾਇਆ ਸੀ। ਗੁਰਧਾਮ ਸੰਗ੍ਰਹਿ, ਸ੍ਰੀ ਗੁਰੁ ਤੀਰਥ ਸੰਗ੍ਰਹਿ ਅਨੁਸਾਰ ਇਸ ਅਸਥਾਨ ਤੇ ਬੈਠਕੇ ਗੁਰੂ ਅਰਜਨ ਦੇਵ ਜੀ ਤਰਨ ਤਾਰਨ ਸਰੋਵਰ ਦੀ ਖੁਦਵਾਈ ਕਰਵਾਇਆ ਕਰਦੇ ਸਨ। ਇਹ ਅਸਥਾਨ ਪੂਰਬੀ ਸਿਰੇ ਵੱਲ ਹੈ, ਜਿਥੇ ਬੈਠ ਕੇ ਗੁਰੂ ਸਾਹਿਬ ਸਿੱਖ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਸਨ ਅਤੇ ਮਜਦੂਰਾਂ ਨੂੰ ਤਨਖਾਹ ਦਿੰਦੇ ਸਨ। [14] ਗੁਰੂ ਹਰਿਗੋਬਿੰਦ ਸਾਹਿਬ ਜਦੋਂ ਦਿੱਲੀ ਤੋਂ ਚੰਦੂ ਸਵਾਹੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਜਾ ਰਹੇ ਸਨ ਤਾਂ ਰਾਸਤੇ ਵਿਚ ਰਾਤ ਇਸ ਅਸਥਾਨ ਤੇ ਰੁਕੇ ਸਨ। ਵਰਤਮਾਨ ਸਮੇਂ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਗੁਰੂ ਕਾ ਖੂਹ:- ਇਹ ਖੂਹ ਦਰਬਾਰ ਸਾਹਿਬ ਦੇ ਦੱਖਣ ਵੱਲ ਸਥਿਤ ਹੈ। ਸ੍ਰੀ ਗੁਰੁ ਤੀਰਥ ਸੰਗ੍ਰਹਿ, ਗੁਰਧਾਮ ਸੰਗ੍ਰਹਿ ਅਨੁਸਾਰ ਗੁਰੂ ਅਰਜਨ ਦੇਵ ਜੀ ਇਸ ਅਸਥਾਨ ਤੇ ਇਕ ਖੂਹ ਤਿਆਰ ਕਰਵਾਇਆ। ਗੁਰੂ ਸਾਹਿਬ ਨੇ ਨਾਲ ਹੀ ਇਹ ਵਰ ਵੀ ਦਿੱਤਾ ਕਿ ਇਸ ਖੂਹ ਦਾ ਜਲ ਰੋਗੀਆਂ ਦੇ ਰੋਗ ਦੂਰ ਕਰੇਗਾ। [15] ਵਰਤਮਾਨ ਸਮੇਂ ਵਿਚ ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਸੁਸ਼ਭਿਤ ਹੈ, ਜਿਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਪੁਰਾਤਨ ਖੂਹ ਦੇ ਉੱਪਰ ਚਾਰ ਦੀਵਾਰੀ ਕਰਕੇ ਗੁੰਬਦ ਬਣਾਇਆ ਗਿਆ ਹੈ। ਪ੍ਰਬੰਧਕਾਂ ਦੇ ਦੱਸਣ ਮੁਤਾਬਿਕ ਖੂਹ ਦੀਆਂ ਇੱਟਾਂ ਤਾਂ ਨਾਨਕਸ਼ਾਹੀ ਹਨ ਪਰ ਮੌਜੂਦਾ ਸਮੇ ਵਿਚ ਸੀਮਿੰਟ ਦਾ ਪਲਸਤਰ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਨ ਹੈ ਅਤੇ ਲੰਗਰ ਹਾਲ ਬਣਿਆ ਹੋਇਆ ਹੈ।

ਗੁ: ਖੂਹ ਬੀਬੀ ਭਾਨੀ ਜੀ:- ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ ਅੱਧੇ ਮੀਲ ਦੀ ਦੂਰੀ ਤੇ ਪੱਛਮ ਦਿਸ਼ਾ ਵੱਲ ਸਥਿੱਤ ਹੈ। ਮਹਾਨ ਕੋਸ਼ ਅਤੇ ਸ੍ਰੀ ਗੁਰੁ ਤੀਰਥ ਸੰਗ੍ਰਹਿ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਬੀਬੀ ਭਾਨੀ ਜੀ ਦੇ ਨਾਮ ਤੇ ਇਹ ਖੂਹ ਤਿਆਰ ਕਰਵਾਇਆ ਸੀ। [16] ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਨ ਅਤੇ ਸੁੰਦਰ ਬਣੀ ਹੋਈ ਹੈ। ਸੱਜੇ ਹੱਥ ਬੀਬੀ ਭਾਨੀ ਜੀ ਦਾ ਪੁਰਾਤਨ ਖੂਹ ਸਥਿੱਤ ਹੈ। ਖੂਹ ਤੇ ਨਾਨਕਸ਼ਾਹੀ ਇੱਟ ਲੱਗੀ ਹੋਈ ਹੈ ਜੋ ਇਸਦੀ ਪੁਰਾਤਨਾ ਦਰਸਾਉਂਦੀ ਹੈ। ਦੋ ਮੰਜਲਾਂ ਵਿਸ਼ਾਲ ਲੰਗਰ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਾਰ ਸੇਵਾ ਬਾਬਾ ਜਗਤਾਰ ਸਿੰਘ ਤਰਨ ਤਾਰਨ ਸਾਹਿਬ ਵਾਲਿਆ ਦੇ ਅਧੀਨ ਹੈ। ਉਸਾਰੀ ਦੇ ਕਾਰਜ ਵੀ ਸਾਰੇ ਉਹਨਾਂ ਦੀ ਰਹਿਨੁਮਾਈ ਅਧੀਨ ਹੋਏ ਹਨ।

**ਕੋਹੜੀਘਰ**:- ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਸਾਹਿਬ ਵਿਖੇ ਸਮਾਜ ਭਲਾਈ ਲਈ ਇਕ ਕੋਹੜੀਘਰ ਵੀ ਬਣਵਾਇਆ ਸੀ। ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਗੁਰੂ ਅਰਜਨ ਦੇਵ: ਸ਼ਹੀਦੀ ਅਤੇ ਰਚਨਾ ਅਨੁਸਾਰ ਗੁਰੂ ਸਾਹਿਬ

ਨੇ ਕੋਹੜੀਆਂ ਦੇ ਇਲਾਜ ਲਈ ਕੋਹੜੀਘਰ ਤਿਆਰ ਕਰਵਾਇਆ। ਗੁਰੂ ਸਾਹਿਬ ਨੇ ਰੋਗੀਆਂ ਲਈ ਨਿਵਾਸ ਅਸਥਾਨ ਤਿਆਰ ਕਰਵਾਏ ਅਤੇ ਉਹਨਾਂ ਦੇ ਇਲਾਜ ਲਈ ਦਵਾਖਾਨਾ ਵੀ ਬਣਵਾਇਆ ਸੀ। [17] ਸਿੱਖ ਇਤਿਹਾਸ ਦਾ ਕਰਤਾ ਲਿਖਦਾ ਹੈ ਕਿ ਗੁਰੂ ਸਾਹਿਬ ਅਤੇ ਮਾਤਾ ਗੰਗਾ ਜੀ ਆਪ ਕੋੜੀਆਂ ਦੀ ਸੇਵਾ ਕਰਦੇ ਸਨ। [18] ਵਰਤਮਾਨ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਹਿੰਦੂ ਜਥੇਬੰਦੀ ਪਾਸ ਹੈ।

ਉਪਰੋਕਤ ਦੇ ਸਾਰ ਵਜੋਂ ਕਿਹਾ ਜਾ ਸਕਦੇ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਵਾਧੇ ਅਤੇ ਵਿਕਾਸ ਲਈ ਤਰਨ ਤਾਰਨ ਸਾਹਿਬ ਦੀ ਸਥਾਪਨਾ ਕੀਤੀ। ਇਸ ਅਸਥਾਨ ਦੇ ਸਥਾਪਿਤ ਹੋਣ ਨਾਲ ਸਿੱਖਾਂ ਨੂੰ ਅੰਮ੍ਰਿਤਸਰ ਸਾਹਿਬ ਤੋਂ ਬਾਅਦ ਇਕ ਹੋਰ ਵੱਡਾ ਤੀਰਥ ਅਸਥਾਨ ਮਿਲ ਗਿਆ। ਥੋੜੇ ਸਮੇਂ ਵਿਚ ਹੀ ਇਹ ਅਸਥਾਨ ਧਰਮ ਪ੍ਰਚਾਰ ਦਾ ਕੇਂਦਰ ਬਣ ਗਿਆ ਅਤੇ ਵਪਾਰਕ ਪੱਖ ਤੋਂ ਵੀ ਇਸ ਅਸਥਾਨ ਨੂੰ ਮੁੱਖ ਮੰਨਿਆ ਜਾਣ ਲੱਗਿਆ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਰੋਗੀਆਂ ਲਈ ਕੋਹੜੀਘਰ ਤਿਆਰ ਕਰਵਾਕੇ ਸਮਾਜ ਉੱਤੇ ਵੱਡਾ ਪਰਉਪਕਾਰ ਕੀਤਾ। ਇਹ ਕਾਰਜ ਗੁਰੂ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਗੁਣ ਨੂੰ ਦਰਸਾਉਦਾ ਹੈ।

## ਹਵਾਲੇ


1. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-1), (ਸੰਪਾ.), ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ, ਪੰਜਾਬ, 1999 (ਤੀਜੀ ਵਾਰ), ਪੰਨੇ 340-41.
2. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਛੇਵੀਂ), (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, 2011 (ਦੂਜੀ ਵਾਰ), ਰਾਸਿ 3, ਅੰਸੂ 67, ਪੰਨਾ. 2215.
3. ਉਹੀ, ਪੰਨੇ 2217-20.
4. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ-ਪਹਿਲਾ, ਭਾਸ਼ਾ ਵਿਭਾਗ, ਪੰਜਾਬ, 2009 (ਪੰਜਵੀਂ ਵਾਰ), ਪੰਨੇ 399-400.
5. ਗਿਆਨ ਸਿੰਘ, ਗਿਆਨੀ, ਗੁਰਧਾਮ ਸੰਗ੍ਰਹਿ, ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, ਮਿਤੀਹੀਣ, ਪੰਨੇ 57-58.
6. ਨਿਰੋਤਮ, ਤਾਰਾ ਸਿੰਘ, ਸ੍ਰੀ ਗੁਰੁ ਤੀਰਥ ਸੰਗ੍ਰਹਿ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975, ਪੰਨਾ 47.
7. ਕਾਨ੍ਹ ਸਿੰਘ, ਭਾਈ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ), ਪੰਨਾ 578.
8. ਗੁਰ ਪ੍ਰਣਾਲੀਆਂ, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਮਿਤੀਹੀਣ, ਪੰਨਾ 35.
9. Harbans singh, The Encyclopedia of Sikhism, vol iv, Punjabi university, Patiala, 2004 (second edition), p. 321.
10. ਤੇਜਾ ਸਿੰਘ, ਗੰਡਾ ਸਿੰਘ, ਸਿੱਖ ਇਤਿਹਾਸ (1469-1765), ਅਨੁ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016 (ਛੇਵੀਂ ਵਾਰ), ਪੰਨਾ 28.
11. ਸਾਹਿਬ ਸਿੰਘ, ਗੁਰ-ਇਤਿਹਾਸ ਪਾਤਸ਼ਾਹੀ 2 qoN 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015 (**ਛੇਵੀਂ ਵਾਰ**), ਪੰਨਾ 153.
12. ਸੀਤਲ, ਸੋਹਣ ਸਿੰਘ, ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011 (ਪੰਜਵੀਂ ਵਾਰ), ਪੰਨਾ 114.
13. ਕਰਤਾਰ ਸਿੰਘ, ਸਿੱਖ ਇਤਿਹਾਸ (ਭਾਗ-1), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016, ਪੰਨਾ 203.
14. ਗੁਰਧਾਮ ਸੰਗ੍ਰਹਿ, ਪੰਨਾ 56; ਸ੍ਰੀ ਗੁਰੁ ਤੀਰਥ ਸੰਗ੍ਰਹਿ, ਪੰਨਾ 48.
15. ਉਹੀ, ਪੰਨਾ 56; ਉਹੀ, ਪੰਨਾ 48.
16. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 578; ਸ੍ਰੀ ਗੁਰੁ ਤੀਰਥ ਸੰਗ੍ਰਹਿ, ਪੰਨਾ 48.
17. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਪੰਨਾ 114; ਜੋਧ ਸਿੰਘ, ਗੁਰੂ ਅਰਜਨ ਦੇਵ: ਸ਼ਹੀਦੀ ਅਤੇ ਰਚਨਾ, ਪੰਜਾਬ ਯੂਨੀਵਰਸਿਟੀ, ਪਟਿਆਲਾ, 2007, ਪੰਨਾ 75.
18. ਸਿੱਖ ਇਤਿਹਾਸ (ਭਾਗ-1), ਪੰਨਾ 204.